# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 13-02-2025**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਮਰੀਕਾ ਦੇ ਦੋ ਦਿਨਾਂ ਦੌਰੇ 'ਤੇ ਅੱਜ ਵਾਸ਼ਿੰਗਟਨ ਪਹੁੰਚੇ- ਸ਼੍ਰੀ ਮੋਦੀ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਕਰਨਗੇ ਦੁਵੱਲੀ ਗੱਲਬਾਤ।
- ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਅੱਜ ਲੋਕ ਸਭਾ ਵਿੱਚ, ਆਮਦਨ ਕਰ ਬਿੱਲ, 2025 ਪੇਸ਼ ਕੀਤਾ- ਲੋਕ ਸਭਾ ਦੀ ਕਾਰਵਾਈ 10 ਮਾਰਚ ਤੱਕ ਮੁਲਤਵੀ ਕਰ ਦਿੱਤੀ ਗਈ ਏ।
- BJP ਦੇ ਬੁਲਾਰੇ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕੇਂਦਰ ਸਰਕਾਰ, ਪੰਜਾਬ ਦੇ ਖੇਤੀਬਾੜੀ ਖੇਤਰ ਨੂੰ ਸਮਰਥਨ ਦੇਣ ਲਈ ਤਿਆਰ ਏ।
- ਪੰਜਾਬ ਵਿਧਾਨ ਸਭਾ ਦਾ ਦੋ ਦਿਨਾਂ ਵਿਸੇਸ਼ ਇਜਲਾਸ 24 ਅਤੇ 25 ਫਰਵਰੀ ਨੂੰ ਬੁਲਾਇਆ ਗਿਆ।

- ਵਾਤਾਵਰਣ ਸੁਰੱਖਿਆ ਲਈ ਸਭਨੂੰ ਮਿਲਕੇ ਹੰਭਲਾ ਮਾਰਨ ਦਾ ਸੁਨੇਹਾ ਦਿਦਿਆਂ ਪਟਿਆਲਾ ਅੱਜ ਤੋਂ ਪਟਿਆਲਾ ਵਿਰਾਸਤੀ ਮੇਲੇ ਦਾ ਹੋਇਆ ਆਗਾਜ਼ ।
- ਅੱਜ ਵਿਸ਼ਵ ਰੇਡੀਓ ਦਿਵਸ ਮਨਾਇਆ ਜਾ ਰਿਹਾ ਏ ।

---

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਮਰੀਕਾ ਦੇ ਦੋ ਦਿਨਾਂ ਦੌਰੇ 'ਤੇ ਅੱਜ ਵਾਸ਼ਿੰਗਟਨ, D.C ਪਹੁੰਚੇ । ਸ਼੍ਰੀ ਮੋਦੀ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਦੁਵੱਲੀ ਗੱਲਬਾਤ ਕਰਨਗੇ । ਅਮਰੀਕਾ 'ਚ ਭਾਰਤ ਦੇ ਰਾਜਦੂਤ ਵਿਨਯ ਮੋਹਨ ਕਵਾਤਰਾ ਅਤੇ ਹੋਰ ਅਧਿਕਾਰੀਆਂ ਨੇ ਹਵਾਈ ਅੱਡੇ 'ਤੇ ਓਹਨਾਂ ਦਾ ਸਵਾਗਤ ਕੀਤਾ। ਵਾਸ਼ਿੰਗਟਨ ਪਹੁੰਚਣ ਤੋਂ ਬਾਅਦ, ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਮੋਦੀ ਨੇ ਕਿਹਾ ਕਿ, ਉਹ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਮਿਲਣ ਅਤੇ ਭਾਰਤ-ਅਮਰੀਕਾ ਵਿਆਪਕ ਆਲਮੀ ਰਣਨੀਤਕ ਸਾਂਝੇਦਾਰੀ ਨੂੰ ਅੱਗੇ ਵਧਾਉਣ ਲਈ ਉਤਸੁਕ ਨੇ । ਉਨ੍ਹਾਂ ਕਿਹਾ ਕਿ, ਦੋਵੇਂ ਦੇਸ਼ ਆਪਣੇ ਨਾਗਰਿਕਾਂ ਦੇ ਹਿੱਤਾਂ ਅਤੇ ਵਿਸ਼ਵ ਦੇ

ਬਿਹਤਰ ਭਵਿੱਖ ਲਈ ਮਿਲ ਕੇ ਕੰਮ ਕਰਦੇ ਰਹਿਣਗੇ। ਅਮਰੀਕਾ ਦੀ ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਤੁਲਸੀ ਗਬਾ-ਰਡ ਨੇ ਅੱਜ ਵਾਸ਼ਿੰਗਟਨ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਕੀਤੀ । ਮੀਟਿੰਗ ਦੌਰਾਨ, ਪ੍ਰਧਾਨ ਮੰਤਰੀ ਨੇ ਤੁਲਸੀ ਗਬਾਰਡ ਨਾਲ, ਆਪਣੀ ਪਿਛਲੀ ਗੱਲਬਾਤ ਨੂੰ ਨਾਲ ਯਾਦ ਕੀਤਾ। ਇਸ 'ਚ ਦੁਵੱਲੇ ਖ਼ੂਫੀਆਂ ਸਹਿਯੋਗ ਨੂੰ ਵਧਾਉਣ, ਖਾਸ ਤੌਰ 'ਤੇ ਦਹਿਸ਼ਤਗਰਦੀ ਵਿਰੋਧੀ, ਸਾਈਬਰ ਸੁਰੱਖਿਆ, ਉੱਭਰ ਰਹੇ ਖਤਰਿਆਂ ਅਤੇ ਰਣਨੀਤਕ ਖ਼ੁਫੀਆਂ ਜਾਣਕਾਰੀ ਸਾਂਝੀ ਕਰਨ 'ਤੇ ਚਰਚਾ ਕੀਤੀ। ਉਨ੍ਹਾਂ ਨੇ ਇੱਕ ਸੁਰੱਖਿਅਤ, ਸਥਿਰ ਅਤੇ ਨੇਮ-ਅਧਾਰਿਤ ਅੰਤਰ-ਰਾਸ਼ਟਰੀ ਵਿਵਸਥਾ ਲਈ, ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ, ਆਪਸੀ ਹਿੱਤਾਂ ਦੇ ਖੇਤਰੀ ਅਤੇ ਆਲਮੀ ਵਿਕਾਸ 'ਤੇ ਵਿਚਾਰ ਵਟਾਂਦਰਾ ਕੀਤਾ।

--------------------------------------------------------------------

ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਅੱਜ ਲੋਕ ਸਭਾ ਵਿੱਚ, ਆਮਦਨ ਕਰ ਬਿੱਲ, 2025 ਪੇਸ਼ ਕੀਤਾ। ਇਸ ਬਿੱਲ ਦਾ ਉਦੇਸ਼, ਆਮਦਨ ਟੈਕਸ ਨਾਲ ਸਬੰਧਤ ਕਾਨੂੰਨ ਨੂੰ ਮਜ਼ਬੂਤ ਕਰਨਾ ਅਤੇ

ਸੋਧਣਾ ਏ। ਬਿੱਲ ਬਾਰੇ ਬੋਲਦਿਆਂ ਖਜ਼ਾਨਾ ਮੰਤਰੀ ਨੇ ਕਿਹਾ ਕਿ, ਨਵੇਂ ਕਾਨੂੰਨ ਵਿੱਚ, ਮੌਜੂਦਾ ਆਮਦਨ ਕਰ ਕਾਨੂੰਨ ਦੀ ਤੁਲਨਾ ਵਿੱਚ ਘੱਟ ਧਾਰਾਵਾਂ ਅਤੇ ਅਧਿਆਏ ਨੇ ਅਤੇ ਇਸਨੂੰ ਆਮ ਲੋਕਾਂ ਦੀ ਸਮਝ ਲਈ ਸਰਲ ਬਣਾਇਆ ਗਿਆ ਏ। ਉਨ੍ਹਾਂ ਨੇ ਤਜਵੀਜ਼ ਕੀਤੀ ਕਿ, ਬਿੱਲ ਨੂੰ ਹੋਰ ਜਾਂਚ ਲਈ, ਸੰਸਦ ਦੀ ਚੋਣ ਕਮੇਟੀ ਕੋਲ ਭੇਜਿਆ ਜਾਣਾ ਚਾਹੀਦਾ ਏ ਅਤੇ ਇਸ ਅਨੁਸਾਰ ਕਮੇਟੀ ਨੂੰ ਅਗਲੇ ਇਜਲਾਸ ਦੇ ਪਹਿਲੇ ਦਿਨ, ਇਸ 'ਤੇ ਰਿਪੋਰਟ ਸੌਂਪਣੀ ਚਾਹੀਦੀ ਏ । ਮੰਤਰੀ ਨੇ ਬਿੱਲ ਬਾਰੇ ਵਿਰੋਧੀ ਧਿਰ ਦੇ ਕੁਝ ਸੰਸਦ ਮੈਂਬਰਾਂ ਵੱਲੋਂ ਚੁੱਕੇ ਗਏ ਇਤਰਾਜ਼ਾਂ ਨੂੰ ਵੀ ਰੱਦ ਕਰ ਦਿੱਤਾ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ, ਤਜਵੀਜ਼ਸ਼ੁਦਾ ਬਿੱਲ ਵਿੱਚ ਧਾਰਾਵਾਂ ਦੀ ਗਿਣਤੀ 536 ਏ, ਜਦੋਂ ਕਿ 1962 ਦੇ ਆਮਦਨ ਟੈਕਸ ਕਾਨੂੰਨ ਵਿੱਚ, 819 ਧਾਰਾਵਾਂ ਸਨ। ਉਨ੍ਹਾਂ ਨੇ ਕਿਹਾ ਕਿ ਤਜਵੀਜ਼ਸ਼ੁਦਾ ਕਾਨੂੰਨ ਵਿੱਚ, ਸ਼ਬਦਾਂ ਦੀ ਗਿਣਤੀ ਮੌਜੂਦਾ ਕਾਨੂੰਨ ਦੇ ਮੁਕਾਬਲੇ ਲਗਭਗ ਅੱਧੀ ਏ। ਸੰਸਦ ਦੇ ਬਜਟ ਇਜਲਾਸ ਦਾ ਪਹਿਲਾ ਗੇੜ ਅੱਜ ਪੂਰਾ ਹੋ ਗਿਆ ਏ ਅਤੇ ਲੋਕ ਸਭਾ ਦੀ ਕਾਰਵਾਈ 10 ਮਾਰਚ ਤੱਕ ਮੁਲਤਵੀ ਕਰ ਦਿੱਤੀ

ਗਈ ਏ । ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਕਿਹਾ ਕਿ, ਇਜਲਾਸ ਦੇ ਪਹਿਲੇ ਗੇੜ 'ਚ, 112 ਫੀਸਦੀ ਕੰਮਕਾਜ ਦਰਜ ਕੀਤਾ ਗਿਆ ਏ। ਉਨ੍ਹਾਂ ਨੇ ਦੱਸਿਆ ਕਿ, ਸਦਨ ਵਿੱਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਦੇ ਮਤੇ 'ਤੇ 177 ਮੈਂਬਰਾਂ ਨੇ 17 ਘੰਟੇ ਤੋਂ ਵੱਧ ਸਮੇਂ ਲਈ ਚਰਚਾ ਕੀਤੀ । ਉਨ੍ਹਾਂ ਇਹ ਵੀ ਕਿਹਾ ਕਿ, 2025-26 ਦੇ ਆਮ ਬਜਟ 'ਤੇ ਚਰਚਾ 'ਚ, 170 ਮੈਂਬਰਾਂ ਨੇ ਹਿੱਸਾ ਲਿਆ। ਅੱਜ ਵਕਫ਼ (ਸੋਧ) ਬਿੱਲ 2024 'ਤੇ ਸਾਂਝੀ ਕਮੇਟੀ ਦੀ ਰਿਪੋਰਟ, ਲੋਕ ਸਭਾ ਵਿੱਚ ਪੇਸ਼ ਕੀਤੀ ਗਈ।

-----------------------------------------------------------------------

ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਅਤੇ ਰਾਸ਼ਟਰੀ BJP ਕਾਰਜਕਾਰੀ ਕਮੇਟੀ ਦੇ ਮੈਂਬਰ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ, ਪੰਜਾਬ ਦੇ ਖੇਤੀਬਾੜੀ ਖੇਤਰ ਨੂੰ ਸਮਰਥਨ ਦੇਣ ਲਈ ਤਿਆਰ ਏ ਪਰ ਸੂਬਾ ਸਰਕਾਰ ਨੇ, ਕੇਂਦਰ ਨਾਲ ਵਿੱਤੀ ਸਹਾਇਤਾ ਲਈ ਕੋਈ ਵਿਚਾਰ ਨਹੀਂ ਕੀਤਾ। ਅੱਜ ਮੁਹਾਲੀ ਵਿੱਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਹਰ 100 ਕਿਲੋਮੀਟਰ ਬਾਅਦ ਵੱਖ-ਵੱਖ ਕਿਸਮ ਦੀ ਫਸਲ ਹੁੰਦੀ ਏ ਇਸ ਲਈ

ਵੱਖ-ਵੱਖ ਫਸਲਾਂ ਲਈ ਇੱਕੋ ਜਿਹਾ ਬਜਟ ਨਹੀਂ ਰੱਖਿਆ ਜਾ ਸਕਦਾ।BYTE: ਉਨ੍ਹਾਂ  ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਉਹ ਸਭ ਕੁਝ ਕਰਨ ਲਈ ਤਿਆਰ ਹਨ ਜੋ ਕਿਸਾਨਾਂ ਦੇ ਹਿੱਤ ਵਿੱਚ ਹੋਵੇ। ਉਨ੍ਹਾਂ ਨੇ ਖੇਤੀ ਮਾਹਿਰਾਂ ਨੂੰ ਫ਼ਸਲਾਂ ਦੀ ਵਿਭਿੰਨਤਾ ਲਈ ਆਪਣੀ ਰਾਏ ਨਾਲ ਅੱਗੇ ਆਉਣ ਸੱਦਾ ਦਿੱਤਾ ਤਾਂ ਜੋ ਕਿਸੇ ਅਨੁਕੂਲ ਸਿੱਟੇ 'ਤੇ ਪਹੁੰਚਿਆ ਜਾ ਸਕੇ।

_______________________________________________

ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਦਾ ਦੋ ਦਿਨਾਂ ਵਿਸੇਸ਼ ਇਜਲਾਸ ਬੁਲਾਇਆ ਗਿਆ ਏ। ਇਹ ਵਿਸ਼ੇਸ਼ ਇਜਲਾਸ , 24 ਅਤੇ 25 ਫਰਵਰੀ ਨੂੰ ਦੋ ਦਿਨ ਚੱਲੇਗਾ । ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਅੱਜ ਪੰਜਾਬ ਮੰਤਰੀ ਮੰਡਲ ਦੀ ਅਹਿਮ ਮੀਟਿੰਗ ਹੋਈ। ਮੰਤਰੀ ਮੰਡਲ ਦੀ ਮੀਟਿੰਗ ਵਿਚ ਕਈ ਅਹਿਮ ਫੈਸਲੇ ਕੀਤੇ ਗਏ ਨੇ। ਦੱਸਿਆ ਜਾ ਰਿਹਾ ਹੈ ਕਿ ਅੱਜ ਕੈਬਨਿਟ ਮੀਟਿੰਗ ਵਿੱਚ ਫੈਸਲੇ ਕੀਤੇ ਗਏ ਹਨ ਉਨ੍ਹਾਂ ਦੇ ਬਿੱਲ ਵਿਧਾਨ ਸਭਾ ਵਿੱਚ ਲਿਆਂਦੇ ਜਾ ਸਕਦੇ ਨੇ।

—————————————————————————————————

ਪਟਿਆਲਾ ਵਿਚ ਅੱਜ ਤੋਂ ਪਟਿਆਲਾ ਵਿਰਾਸਤੀ ਮੇਲੇ ਦੀ ਸ਼ੁਰੂਆਤ ਅੱਜ ਨੇਚਰ ਵਾਕ ਨਾਲ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਨੇ, ਵਾਤਾਵਰਣ ਦੀ ਸੁਰੱਖਿਆ ਲਈ ਸਭ ਨੂੰ ਰਲ ਕੇ ਹੰਭਲਾ ਮਾਰਨ ਦਾ ਸੁਨੇਹਾ ਦਿੱਤਾ। ਅੱਜ ਇਨਵਾਇਰਨਮੈਂਟ ਪਾਰਕ, ਵਿਖੇ ਪੰਜਾਬ ਸੈਰ ਸਪਾਟਾ ਤੇ ਸਭਿਆਚਾਰ ਮਾਮਲੇ ਵਿਭਾਗ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਾਂਝੇ ਸਹਿਯੋਗ ਨਾਲ ਕਰਵਾਏ ਜਾ ਰਹੇ ਵਿਰਾਸਤੀ ਮੇਲੇ ਦੇ ਪਹਿਲੇ ਸਮਾਗਮ ਦੌਰਾਨ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਵੱਡੀ ਗਿਣਤੀ 'ਚ ਮੌਜੂਦ ਸ਼ਹਿਰ ਵਾਸੀਆਂ ਤੇ ਸਕੂਲੀ ਵਿਦਿਆਰਥੀਆਂ ਦੀ ਮੌਜੂਦਗੀ 'ਚ ਨੇਚਰ ਵਾਕ ਨਾਲ ਪਟਿਆਲਾ ਵਿਰਾਸਤੀ ਮੇਲੇ ਦੀ ਰਸਮੀ ਸ਼ੁਰੂਆਤ ਕੀਤੀ। ਡਾ. ਪ੍ਰੀਤੀ ਯਾਦਵ ਨੇ ਸ਼ਹਿਰ ਵਾਸੀਆਂ ਨਾਲ ਨੇਚਰ ਵਾਕ 'ਚ ਹਿੱਸਾ ਲੈਂਦਿਆਂ ਕਿਹਾ ਕਿ ਪਟਿਆਲਾ ਵਿਰਾਸਤੀ ਮੇਲਾ ਮਨਾਉਣ ਦਾ ਮੁੱਖ ਮਕਸਦ ਆਪਣੀ ਵਿਰਾਸਤ ਨੂੰ ਸੰਭਾਲਣਾ ਤੇ ਆਉਣ ਵਾਲੀਆਂ ਪੀੜੀਆਂ ਨੂੰ ਆਪਣੀ ਅਮੀਰ ਵਿਰਾਸਤ ਤੋਂ ਜਾਣੂ ਕਰਵਾਉਨਾ ਏ। ਉਨ੍ਹਾਂ ਕਿਹਾ ਕਿ ਵਾਤਾਵਰਣ ਸਾਡੀ ਵਿਰਾਸਤ ਦਾ ਅਹਿਮ ਹਿੱਸਾ ਏ , ਇਸੇ ਲਈ ਵਿਰਾਸਤੀ ਮੇਲੇ

ਦੀ ਸ਼ੁਰੂਆਤ ਨੇਚਰ ਵਾਕ ਨਾਲ ਕੀਤੀ ਗਈ ਏ ।Byte ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੁਰੱਖਿਅਤ ਵਾਤਾਵਰਣ ਮੁਹੱਈਆ ਕਰਵਾਉਣਾ ਸਾਡੀ ਸਭ ਦੀ ਜ਼ਿੰਮੇਵਾਰੀ ਏ , ਇਸ ਲਈ ਹਰੇਕ ਵਿਅਕਤੀ ਲਈ ਰੁੱਖ ਲਗਾਉਣ ਜਿਨ੍ਹਾਂ ਜ਼ਰੂਰੀ ਏ, ਉਨ੍ਹਾਂ ਹੀ ਲੱਗੇ ਰੁੱਖਾਂ ਦੀ ਸੰਭਾਲ ਕਰਨਾ ਵੀ ਮਹੱਤਵਪੂਰਨ ਏ । ਉਨ੍ਹਾਂ ਨੇ ਸਮੂਹ ਪਟਿਆਲਾ ਵਾਸੀਆਂ ਨੂੰ ਪਰਿਵਾਰਾਂ ਸਮੇਤ ਹੈਰੀਟੇਜ ਫੈਸਟੀਵਲ ਦਾ ਖੁੱਲ੍ਹਾ ਸੱਦਾ ਦਿੰਦਿਆਂ ਕਿਹਾ ਕਿ ਇਸ ਫੈਸਟੀਵਲ 'ਚ ਕਰਵਾਏ ਜਾ ਰਹੇ ਵੱਖ ਵੱਖ ਸਮਾਗਮਾਂ 'ਚ ਆਪਣੀ ਅਮੀਰ ਵਿਰਾਸਤ ਦੇ ਵੱਖੋ ਵੱਖ ਰੰਗ ਪੇਸ਼ ਕੀਤੇ ਜਾ ਰਹੇ ਨੇ, ਜੋ ਬੱਚਿਆਂ, ਨੌਜਵਾਨਾਂ ਤੇ ਬਜ਼ੁਰਗਾਂ ਨੂੰ ਆਪਣੀ ਅਮੀਰ ਵਿਰਾਸਤ ਦੇ ਗੌਰਵ ਮਹਿਸੂਸ ਕਰਵਾਉਣਗੇ ।

---------------------------------------------------------------

ਅੱਜ ਵਿਸ਼ਵ ਰੇਡੀਓ ਦਿਵਸ ਏ । ਵਿਸ਼ਵ ਰੇਡੀਓ ਦਿਵਸ ਹਰ ਸਾਲ 13 ਫਰਵਰੀ ਨੂੰ ਰੇਡੀਓ ਦੀ ਮਹੱਤਤਾ ਬਾਰੇ ਜਾਗਰੂਕਤਾ ਵਧਾਉਣ ਅਤੇ ਰੇਡੀਓ ਰਾਹੀਂ ਜਾਣਕਾਰੀ ਤੱਕ ਪਹੁੰਚ ਨੂੰ ਉਤਸ਼ਾਹਤ ਕਰਨ ਲਈ ਮਨਾਇਆ ਜਾਂਦਾ ਏ । ਪੇਸ਼ ਏ ਇਕ ਰਿਪੋਰਟ , ਵਿਸ਼ਵ ਰੇਡੀਓ ਦਿਵਸ,

ਰੇਡੀਓ ਦੀ ਵਿਲੱਖਣ ਉਪਯੋਗਤਾ ਨੂੰ ਯਾਦ ਕਰਨ ਦਾ ਦਿਨ ਵੀ ਏ, ਜੋ ਦੁਨੀਆ ਦੇ ਹਰ ਹਿੱਸੇ ਵਿੱਚ ਲੋਕਾਂ ਤੱਕ ਪਹੁੰਚਦਾ ਏ ਅਤੇ ਲੋਕਾਂ ਨੂੰ ਇਕਜੁੱਟ ਕਰਦਾ ਐ। ਇਸ ਸਾਲ ਦੇ ਵਿਸ਼ਵ ਰੇਡੀਓ ਦਿਵਸ ਦਾ ਵਿਸ਼ਾ 'ਰੇਡੀਓ ਅਤੇ ਜਲਵਾਯੂ ਤਬਦੀਲੀ' ਰੱਖਿਆ ਗਿਆ ਏ। ਵਿਸ਼ਵ ਰੇਡੀਓ ਦਿਵਸ ਸੰਚਾਰ ਦੇ ਇਸ ਸਥਾਈ, ਬਹੁਪੱਖੀ ਅਤੇ ਵਿਆਪਕ ਤੌਰ' ਤੇ ਪਹੁੰਚਯੋਗ ਮਾਧਿਅਮ ਦਾ ਜਸ਼ਨ ਮਨਾਉਣ ਦਾ ਇੱਕ ਮੌਕਾ ਏ। ਖ਼ਬਰਾਂ ਅਤੇ ਸੂਚਨਾਵਾਂ ਦਾ ਪ੍ਰਸਾਰ ਕਰਦੇ ਹੋਏ, ਰੇਡੀਓ ਰਾਸ਼ਟਰ ਦੇ ਸੱਭਿਆਚਾਰਕ ਅਤੇ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਏ। ਆਕਾਸ਼ਵਾਣੀ ਨੇ ਭਾਰਤ ਦੇ ਅਮੀਰ ਸੱਭਿਆਚਾਰ ਅਤੇ ਰਿਵਾਇਤਾਂ ਦਾ ਪ੍ਰਸਾਰ ਕੀਤਾ ਏ, ਉੱਥੇ ਹੀ ਇਸ ਨੇ ਲੋਕਾਂ ਨੂੰ ਭਾਰਤ ਵਿੱਚ ਵਿਗਿਆਨਕ ਪ੍ਰਗਤੀ ਦੀ ਯਾਤਰਾ ਨਾਲ ਵੀ ਜੋੜਿਆ ਏ। ਲਗਭਗ 9 ਦਹਾਕਿਆਂ ਤੋਂ ਆਕਾਸ਼ਵਾਣੀ, ਸਰੋਤਿਆਂ ਨੂੰ ਜਾਣਕਾਰੀ, ਸਿੱਖਿਆ ਅਤੇ ਮਨੋਰੰਜਨ ਪ੍ਰਦਾਨ ਕਰ ਰਿਹਾ ਏ ।BYTE:

--------------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਿਸ਼ਵ ਰੇਡੀਓ ਦਿਵਸ 'ਤੇ ਲੋਕਾਂ ਨੂੰ ਵਧਾਈ ਦਿੱਤੀ ਏ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਪ੍ਰਧਾਨ ਮੰਤਰੀ

ਨੇ ਕਿਹਾ ਕਿ ਖ਼ਬਰਾਂ ਅਤੇ ਸੱਭਿਆਚਾਰ ਤੋਂ ਲੈ ਕੇ ਸੰਗੀਤ ਅਤੇ ਕਹਾਣੀ ਸੁਣਾਉਣ ਤੱਕ, ਰੇਡੀਓ ਇੱਕ ਸ਼ਕਤੀਸ਼ਾਲੀ ਮਾਧਿਅਮ ਏ ।

-----------------------------------------------------------------

ਲੁਧਿਆਣਾ  ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਲੁਧਿਆਣਾ, ਸਿੱਖਿਆ ਵਿਭਾਗ, ਚਾਈਲਡ ਲਾਈਨ, ਪੁਲਿਸ ਵਿਭਾਗ ਅਤੇ ਬਚਪਨ ਬਚਾਉ ਅੰਦੋਲਨ ਵੱਲੋ ਸਾਂਝੇ ਤੌਰ ਤੇ ਰੇਲਵੇ ਸਟੇਸ਼ਨ ਵਿਖੇ ਬਾਲ ਭਿਖਾਰੀਆਂ ਨੂੰ ਭੀਖ ਮੰਗਣ ਤੋਂ ਰੋਕਣ ਲਈ ਇਕ ਵਿਸ਼ੇਸ਼ ਅਭਿਆਨ ਚਲਾਇਆ ਗਿਆ। ਡਿਪਟੀ ਕਮਿਸ਼ਨਰ ਜਤਿੰਦਰ ਜ਼ੋਰਵਾਲ ਦੀ ਪ੍ਰਧਾਨਗੀ ਹੇਠ ਰੇਲਵੇ ਸਟੇਸ਼ਨ, ਲੁਧਿਆਣਾ ਦੇ ਨੇੜਲੇ ਇਲਾਕਿਆਂ ਵਿੱਚ ਬਾਲ ਭਿਖਿਆ  ਦੀ ਰੋਕਥਾਮ ਲਈ ਛਾਪਾ ਮਾਰਿਆ ਗਿਆ ਅਤੇ ਆਮ ਜਨਤਾ ਨੂੰ ਵੀ ਜਾਗਰੂਕ ਕੀਤਾ ਗਿਆ ਕਿ ਬੱਚਿਆਂ ਨੂੰ ਭੀਖ ਨਾ ਦਿੱਤੀ ਜਾਵੇ ।

-----------------------------------------------------------------

ਉਤਰਾਖੰਡ ਦੇ ਦੇਹਰਾਦੂਨ ਵਿਚ 38ਵੀਆਂ ਰਾਸ਼ਟਰੀ ਖੇਡਾਂ ਦੇ ਸਕੀਟ ਨਿਸ਼ਾਨੇਬਾਜ਼ੀ ਦੇ ਫਾਈਨਲ ਵਿੱਚ ਰਾਜਸਥਾਨ ਦੇ ਅਨੰਤ-ਜੀਤ ਸਿੰਘ ਨਰੂਕਾ ਅਤੇ ਪੰਜਾਬ ਦੇ ਗਨੀਮਤ ਸੇਖੋਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜਿੱਤ ਪ੍ਰਾਪਤ ਕੀਤੀ ਏ । ਨਰੂਕਾ ਨੇ 56 ਅੰਕਾਂ ਨਾਲ ਸੋਨ

ਤਗਮਾ ਜਿੱਤਿਆ ਅਤੇ ਗਨੀਮਤ ਸੇਖੋਂ ਨੇ 53 ਅੰਕਾਂ ਨਾਲ ਮਹਿਲਾ ਵਰਗ ਵਿੱਚ ਦਬਦਬਾ ਬਣਾਇਆ। ਆਕਾਸ਼ਵਾਣੀ ਨਾਲ ਗੱਲਬਾਤ ਕਰਦਿਆਂ ਗਨੀਮਤ ਸੇਖੋਂ ਨੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ BYTE: ਪੰਜਾਬ ਨੇ ਹੁਣ ਤਕ 15 ਸੋਨੇ ਦੇ 20 ਚਾਂਦੀ ਅਤੇ 28 ਕਾਂਸੀ ਦੇ ਤਮਗਿਆਂ ਸਮੇਤ ਕੁਲ 63 ਤਮਗ਼ੇ ਜਿਤੇ ਨੇ ।

---

ਆਖਿਰ 'ਚ ਖਾਸ ਖਬਰਾਂ ਇਕ ਵਾਰ ਫਿਰ ਤੋਂ

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਮਰੀਕਾ ਦੇ ਦੋ ਦਿਨਾਂ ਦੌਰੇ 'ਤੇ ਅੱਜ ਵਾਸ਼ਿੰਗਟਨ ਪਹੁੰਚੇ- ਸ਼੍ਰੀ ਮੋਦੀ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਕਰਨਗੇ ਦੁਵੱਲੀ ਗੱਲਬਾਤ।
- ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਅੱਜ ਲੋਕ ਸਭਾ ਵਿੱਚ, ਆਮਦਨ ਕਰ ਬਿੱਲ, 2025 ਪੇਸ਼ ਕੀਤਾ- ਲੋਕ ਸਭਾ ਦੀ ਕਾਰਵਾਈ 10 ਮਾਰਚ ਤੱਕ ਮੁਲਤਵੀ ਕਰ ਦਿੱਤੀ ਗਈ ਏ।
- BJP ਦੇ ਬੁਲਾਰੇ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕੇਂਦਰ ਸਰਕਾਰ, ਪੰਜਾਬ ਦੇ ਖੇਤੀਬਾੜੀ ਖੇਤਰ ਨੂੰ ਸਮਰਥਨ ਦੇਣ ਲਈ ਤਿਆਰ ਏ।

- ਪੰਜਾਬ ਵਿਧਾਨ ਸਭਾ ਦਾ ਦੋ ਦਿਨਾਂ ਵਿਸੇਸ਼ ਇਜਲਾਸ 24 ਅਤੇ 25 ਫਰਵਰੀ ਨੂੰ ਬੁਲਾਇਆ ਗਿਆ।
- ਵਾਤਾਵਰਣ ਸੁਰੱਖਿਆ ਲਈ ਸਭਨੂੰ ਮਿਲਕੇ ਹੰਭਲਾ ਮਾਰਨ ਦਾ ਸੁਨੇਹਾ ਦਿੰਦਿਆਂ ਪਟਿਆਲਾ ਅੱਜ ਤੋਂ ਪਟਿਆਲਾ ਵਿਰਾਸਤੀ ਮੇਲੇ ਦਾ ਹੋਇਆ ਆਗਾਜ਼।
- ਅੱਜ ਵਿਸ਼ਵ ਰੇਡੀਓ ਦਿਵਸ ਮਨਾਇਆ ਜਾ ਰਿਹਾ ਏ।

**ਇਸਦੇ ਨਾਲ ਹੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟਰੀ ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜ 30 'ਤੇ... ਨਮਸਕਾਰ!**